# ਮੋਨੋਕਲੋਨਲ ਐਂਟੀਬਾਡੀ ਇਲਾਜ ਕੀ ਹਨ?

ਜੇਕਰ ਤੁਹਾਨੂੰ ਕੋਵਿਡ-19 ਤੋਂ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਖਤਰਾ ਹੈ ਅਤੇ ਤੁਹਾਡਾ ਕੋਵਿਡ-19 ਦਾ ਟੈਸਟ ਪਾਜ਼ੀਟਿਵ ਆਇਆ ਹੈ ਜਾਂ ਕਿਸੇ ਅਜਿਹੇ ਵਿਅਕਤੀ ਨਾਲ ਨਜ਼ਦੀਕੀ ਸੰਪਰਕ ਵਿੱਚ ਰਹੇ ਹੋ ਜਿਸ ਦਾ ਟੈਸਟ ਪੋਜ਼ਿਟਿਵ ਆਇਆ ਹੋਵੇ, ਤਾਂ ਤੁਸੀਂ ਮੋਨੋਕਲੋਨਲ ਐਂਟੀਬਾਡੀ (mAb) ਇਲਾਜ ਲੈਣ ਲਈ ਵਿਚਾਰ ਕਰ ਸਕਦੇ ਹੋ। ਤੁਸੀਂ ਆਪਣੀ ਉਮਰ, ਸਿਹਤ ਇਤਿਹਾਸ, ਅਤੇ ਤੁਹਾਨੂੰ ਲੱਛਣ ਕਿੰਨੇ ਸਮੇਂ ਤੋਂ ਹਨ, ਦੇ ਆਧਾਰ 'ਤੇ ਕੋਵਿਡ-19 ਦਾ ਇਲਾਜ ਕਰਵਾਉਣ ਲਈ mAb ਇਲਾਜ ਲੈਣ ਦੇ ਯੋਗ ਹੋ ਸਕਦੇ ਹੋ।

mAb ਇਲਾਜ ਕੋਵਿਡ-19 ਦਾ ਕਾਰਨ ਬਣਨ ਵਾਲੇ ਵਾਇਰਸਾਂ ਨੂੰ ਤੁਹਾਡੇ ਸਰੀਰ ਦੇ ਸੈੱਲਾਂ ਵਿੱਚ ਦਾਖਲ ਹੋਣ ਤੋਂ ਰੋਕਦਾ ਹੈ ਅਤੇ ਤੁਹਾਡੇ ਸਰੀਰ ਵਿੱਚ ਵਾਇਰਸ ਦੀ ਮਾਤਰਾ ਨੂੰ ਸੀਮਤ ਕਰ ਸਕਦਾ ਹੈ। ਇਸਦਾ ਮਤਲਬ ਹੈ ਕਿ ਤੁਹਾਡੇ ਵਿੱਚ ਹਲਕੇ ਲੱਛਣ ਤਾਂ ਹੋ ਸਕਦੇ ਹਨ, ਪਰ ਤੁਹਾਡੇ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਲੋੜ ਸੰਬੰਧੀ ਸੰਭਾਵਨਾ ਘੱਟ ਸਕਦੀ ਹੈ।

ਇੱਕ mAb ਇਲਾਜ ਉਹਨਾਂ ਲੋਕਾਂ ਦੀ ਮਦਦ ਕਰ ਸਕਦਾ ਹੈ ਜਿਨ੍ਹਾਂ ਨੂੰ:

- ਜ਼ਿਆਦਾ ਗੰਭੀਰ ਲੱਛਣ ਹੋਣ ਦਾ ਖਤਰਾ ਬਹੁਤ ਜ਼ਿਆਦਾ ਹੁੰਦਾ ਹੈ **ਅਤੇ**
- 7 ਦਿਨਾਂ ਜਾਂ ਇਸ ਤੋਂ ਘੱਟ ਸਮੇਂ ਵਿੱਚ ਲੱਛਣਾਂ ਸਮੇਤ ਕੋਵਿਡ-19 ਦਾ ਟੈਸਟ ਪਾਜ਼ੀਟਿਵ ਆਇਆ ਹੋਵੇ **ਜਾਂ**
- ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਹੋਣ ਜਿਸ ਦਾ ਹਾਲ ਵਿੱਚ ਹੀ ਟੈਸਟ ਪਾਜ਼ੀਟਿਵ ਆਇਆ ਹੈ

## • ਮੋਨੋਕਲੋਨਲ ਐਂਟੀਬਾਡੀ ਕੀ ਹੈ?

ਤੁਹਾਡਾ ਸਰੀਰ ਕੁਦਰਤੀ ਤੌਰ 'ਤੇ ਸੰਕ੍ਰਮਣ ਨਾਲ ਲੜਨ ਲਈ ਐਂਟੀਬਾਡੀਜ਼ ਬਣਾਉਂਦਾ ਹੈ। ਭਾਵੇਂ, ਤੁਹਾਡੇ ਸਰੀਰ ਵਿੱਚ ਕੋਵਿਡ-19 ਦਾ ਕਾਰਨ ਬਣਨ ਵਾਲੇ SARS-CoV-2 ਵਰਗੇ ਨੋਵਲ (ਜਾਂ ਨਵੇਂ) ਵਾਇਰਸ ਨੂੰ ਪਛਾਣਨ ਲਈ ਤਿਆਰ ਹੋਏ ਐਂਟੀਬਾਡੀਜ਼ ਨਹੀਂ ਵੀ ਹੋ ਸਕਦੇ। ਮੋਨੋਕਲੋਨਲ ਐਂਟੀਬਾਡੀਜ਼, ਜਾਂ mAb, ਕਿਸੇ ਵਿਸ਼ੇਸ਼ ਸੰਕ੍ਰਮਣ (ਇਸ ਕੇਸ ਵਿੱਚ, SARS-CoV-2) ਨਾਲ ਲੜਨ ਲਈ ਇੱਕ ਪ੍ਰਯੋਗਸ਼ਾਲਾ ਵਿੱਚ ਬਣਾਏ ਜਾਂਦੇ ਹਨ ਅਤੇ ਤੁਹਾਡੇ ਸਰੀਰ ਵਿੱਚ ਸਿੱਧੇ ਹੀ ਪਾ ਦਿੱਤੇ ਜਾਂਦੇ ਹਨ। ਜੇਕਰ ਤੁਹਾਨੂੰ ਗੰਭੀਰ ਲੱਛਣ ਹੋਣ ਦਾ ਖਤਰਾ ਬਹੁਤ ਜ਼ਿਆਦਾ ਹੈ ਜਾਂ ਤੁਸੀਂ ਹਸਪਤਾਲ ਵਿੱਚ ਭਰਤੀ ਹੋ, ਤਾਂ mAb ਇਲਾਜ ਤੁਹਾਡੀ ਮਦਦ ਕਰ ਸਕਦਾ ਹੈ।

ਕੋਵਿਡ-19 ਲਈ mAb ਇਲਾਜ, ਕਿਸੇ ਕੋਵਿਡ-19 ਟੀਕੇ ਨਾਲੋਂ ਵੱਖਰਾ ਹੁੰਦਾ ਹੈ। ਟੀਕਾ ਤੁਹਾਡੇ ਸਰੀਰ ਦੀ ਕੁਦਰਤੀ ਪ੍ਰਤੀਰੋਧਕ ਪ੍ਰਤਿਕਿਰਿਆ ਨੂੰ ਵਧਾਉਂਦਾ ਹੈ, ਪਰ ਇਸ ਨਾਲ ਵਾਇਰਸ ਦੇ ਵਿਰੁੱਧ ਕਾਫ਼ੀ ਮਾਤਰਾ ਵਿੱਚ ਐਂਟੀਬਾਡੀਜ਼ ਵਿਕਸਿਤ ਕਰਨ ਵਿੱਚ ਹਫ਼ਤੇ ਲੱਗ ਸਕਦੇ ਹਨ। ਇਸ ਲਈ, ਜੇਕਰ ਤੁਹਾਨੂੰ ਵਾਇਰਸ ਹੋ ਗਿਆ ਹੈ, ਤਾਂ ਤੁਹਾਡੀ ਸੁਰੱਖਿਆ ਲਈ mAb ਇਲਾਜ ਤੁਹਾਡੇ ਸਰੀਰ ਨੂੰ ਐਂਟੀਬਾਡੀਜ਼ ਦਿੰਦਾ ਹੈ। mAb ਇਲਾਜ ਟੀਕੇ ਤੋਂ ਪ੍ਰਾਪਤ ਹੋਣ ਵਾਲੀ ਪ੍ਰਤੀਰੋਧਕ ਤਾਕਤ ਦਾ ਵਿਕਲਪ ਨਹੀਂ ਬਣ ਸਕਦਾ, ਪਰ ਜੇਕਰ ਤੁਹਾਡੇ ਵਿੱਚ ਗੰਭੀਰ ਕੋਵਿਡ-19 ਦੇ ਵਿਕਸਿਤ ਹੋਣ ਦਾ ਖ਼ਤਰਾ ਹੈ, ਤਾਂ ਇਹ ਤੁਹਾਡੀ ਮਦਦ ਕਰ ਸਕਦਾ ਹੈ।

## • ਕੀ ਮੋਨੋਕਲੋਨਲ ਐਂਟੀਬਾਡੀ ਇਲਾਜ ਮੈਨੂੰ ਬਿਮਾਰ ਵੀ ਕਰ ਸਕਦਾ ਹੈ?

ਐਂਟੀਬਾਡੀ ਇਲਾਜ ਵਿੱਚ ਕੋਈ ਜਿਉਂਦਾ ਵਾਇਰਸ ਨਹੀਂ ਹੁੰਦਾ, ਇਸ ਲਈ mAb ਇਲਾਜ ਤੋਂ ਤੁਹਾਨੂੰ ਕੋਵਿਡ-19 ਹੋਣ ਦਾ ਕੋਈ ਖਤਰਾ ਨਹੀਂ ਹੈ। ਭਾਵੇਂ, ਐਂਟੀਬਾਡੀ ਇਲਾਜ ਦੇ ਮਾੜੇ ਅਸਰ ਵੀ ਹੋ ਸਕਦੇ ਹਨ। ਕਿਰਪਾ ਕਰਕੇ ਸੰਭਾਵੀ ਮਾੜੇ ਅਸਰਾਂ ਬਾਰੇ ਅਤੇ ਜੇਕਰ ਤੁਸੀਂ ਉਹਨਾਂ ਨੂੰ ਮਹਿਸੂਸ ਕਰਦੇ ਹੋ ਤਾਂ ਕੀ ਕਰਨਾ ਹੈ ਇਸ ਸੰਬੰਧੀ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## • ਜੇਕਰ ਮੈਂ ਮੋਨੋਕਲੋਨਲ ਐਂਟੀਬਾਡੀ ਇਲਾਜ ਲੈਣ ਦੇ ਯੋਗ ਨਹੀਂ ਹਾਂ ਤਾਂ ਕੀ ਹੋਵੇਗਾ?

ਤੁਸੀਂ mAb ਇਲਾਜ ਲਈ ਯੋਗ ਨਹੀਂ ਹੋ, ਇਹ ਫੈਸਲਾ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਹੀ ਕਰ ਸਕਦਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਹੋ ਸਕਦਾ ਹੈ ਕਿ ਤੁਸੀਂ ਸਾਰੇ ਯੋਗਤਾ ਮਾਪਦੰਡਾਂ ਨੂੰ ਪੂਰਾ ਨਾ ਕਰਦੇ ਹੋਵੋ, ਜਾਂ ਤੁਹਾਡੀ ਸਿਹਤ ਸੰਬੰਧੀ ਕਿਸੇ ਪੁਰਾਣੀ ਬਿਮਾਰੀ ਦੇ ਕਾਰਨ ਤੁਹਾਨੂੰ mAb ਇਲਾਜ ਲਈ ਅਯੋਗ ਮੰਨਿਆ ਗਿਆ ਹੋਵੇ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹੋਰ ਇਲਾਜ ਵਿਕਲਪਾਂ ਲਈ ਪੁੱਛੋ।

## • ਮੈਂ ਮੋਨੋਕਲੋਨਲ ਐਂਟੀਬਾਡੀਜ਼ ਕਿਵੇਂ ਪ੍ਰਾਪਤ ਕਰ ਸਕਦਾ ਹਾਂ?

ਕਦਮ 1: ਕੋਵਿਡ-19 ਦਾ ਟੈਸਟ ਪਾਜ਼ੀਟਿਵ ਆਉਣ ’ਤੇ ਅਤੇ 7 ਦਿਨ ਜਾਂ ਇਸ ਤੋਂ ਘੱਟ ਸਮੇਂ ਲਈ ਲੱਛਣ ਹੋਣ ’ਤੇ।

ਕਦਮ 2: ਆਪਣੇ ਸਿਹਤ ਸੰਭਾਲ ਪ੍ਰਦਾਤਾ ਤੋਂ ਸਿਫ਼ਾਰਸ਼ ਪ੍ਰਾਪਤ ਕਰਨ ’ਤੇ।

ਕਦਮ 3: ਇੱਕ ਉਪਲਬਧ ਫਿਊਜ਼ਨ ਸੈਂਟਰ ਲੱਭੋ।

mAb ਇਲਾਜ ਪ੍ਰਾਪਤ ਕਰਨ ਲਈ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਇਲਾਜ ਲਈ ਸਿਫ਼ਾਰਸ਼ ਕੀਤੀ ਜਾਣੀ ਚਾਹੀਦੀ ਹੈ ਅਤੇ ਉਪਲਬਧ ਫਿਊਜ਼ਨ ਸਥਾਨਾਂ ਲਈ ਹੀ ਨਿਰਦੇਸ਼ਿਤ ਕੀਤਾ ਜਾਣਾ ਚਾਹੀਦਾ ਹੈ। **ਜੇਕਰ ਤੁਹਾਡੇ ਕੋਲ ਸਿਹਤ ਸੰਭਾਲ ਪ੍ਰਦਾਤਾ ਨਹੀਂ ਹੈ**, ਤਾਂ ਇਹ ਪਤਾ ਲਗਾਉਣ ਲਈ ਕਿ ਤੁਹਾਡੇ ਲੱਛਣਾਂ ਅਤੇ ਇਲਾਜ ਬਾਰੇ ਕਿਸ ਨਾਲ ਗੱਲ ਕਰਨੀ ਹੈ, 1-877-332-6585 'ਤੇ Combat COVID Monoclonal Antibodies Call Center (ਕੰਬੈਟ ਕੋਵਿਡ ਮੋਨੋਕਲੋਨਲ ਐਂਟੀਬਾਡੀਜ਼ ਕਾਲ ਸੈਂਟਰ) ਨੂੰ ਕਾਲ ਕਰੋ।

Washington State Department of Health

DOH 825-031 March 2022 Punjabi

ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਦੀ ਬੇਨਤੀ ਕਰਨ ਲਈ, 1-800-525-0127 ‘ਤੇ ਕਾਲ ਕਰੋ। ਬਹਿਰੇ ਜਾਂ ਉੱਚਾ ਸੁਣਨ ਵਾਲੇ ਗਾਹਕ ਕਿਰਪਾ ਕਰਕੇ 711 (Washington Relay) ‘ਤੇ ਕਾਲ ਕਰੋ ਜਾਂ mailto:ecivil.rights@doh.wa.gov ‘ਤੇ ਈਮੇਲ ਕਰੋ।